# ਪਲੰਬਰ/ਸਟੀਮਫਿਟਰ/ ਸਪਰਿੰਕਲਰ ਫਿਟਰ




"ਮੈਂ ਬਹੁਤ ਸਾਰੇ ਹੁਨਰਾਂ ਦੀ ਵਰਤੋਂ ਕਰਦਾ ਹਾਂ ਅਤੇ ਆਪਣੇ ਟਰੇਡ ਵਿਚ ਵੱਖ ਵੱਖ ਕੰਮਾਂ ਨੂੰ ਬਹੁਤ ਪਸੰਦ ਕਰਦਾ ਹਾਂ।"

## ਇਸ ਕਿੱਤੇ ਬਾਰੇ

ਪਲੰਬਰ, ਸਟੀਮਫਿਟਰ, ਸਪਰਿੰਕਲਰ ਫਿਟਰ ਸਾਰੇ ਪਾਈਪਿੰਗ ਟਰੇਡਜ਼ ਦਾ ਹਿੱਸਾ ਹਨ। ਹਰ ਟਰੇਡ ਵਿਲੱਖਣ ਹੈ ਅਤੇ ਕਿੱਤੇ ਦੇ ਵੱਖ ਵੱਖ ਮੌਕੇ ਪ੍ਰਦਾਨ ਕਰਦਾ ਹੈ। ਉਹ ਰਿਹਾਇਸ਼ੀ, ਕਮਰਸ਼ੀਅਲ, ਸੰਸਥਾਈ ਅਤੇ ਇੰਡਸਟਰੀਅਲ ਕਨਸਟਰੱਕਸ਼ਨ ਵਿਚ ਕੰਮ ਕਰਨ ਦੇ ਨਾਲ ਨਾਲ ਰਿਫਾਈਨਰੀਆਂ, ਐੱਲ ਐੱਨ ਜੀ ਸਥਾਨਾਂ ਅਤੇ ਸ਼ਿਪਯਾਰਡਾਂ ਵਿਚ ਕੰਮ ਕਰ ਸਕਦੇ ਹਨ।

JOURNEYPERSON PAY

**$55/ਪ੍ਰਤੀ ਘੰਟਾ**
+ਬੈਨੇਫਿਟਸ

**ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)**
**2020 ਦੇ ਮੁਕਾਬਲੇ ਦਹਾਕੇ ਦੌਰਾਨ 10%**

**BuildForce Canada*

- ਤੁਹਾਡੀ ਰੁਚੀ ਮਕੈਨੀਕਲ ਹੈ।
- ਤੁਸੀਂ ਕ੍ਰਿਟੀਕਲ ਸੋਚਣੀ ਵਾਲੇ ਹੋ।
- ਤੁਸੀਂ ਮੁਹਾਰਤ ਨਾਲ ਸਹੀ ਕੰਮ ਕਰਦੇ ਹੋ।

## ਜ਼ਿੰਮੇਵਾਰੀਆਂ

- **ਪਲੰਬਰ** ਬਿਲਡਿੰਗ ਪਲੈਨ ਦੀ ਸਟੱਡੀ ਕਰਦੇ ਹਨ ਅਤੇ ਅੰਡਰਗਰਾਊਂਡ ਸੈਨੀਟਰੀ ਅਤੇ ਪਾਣੀ ਦੇ ਪਾਈਪਾਂ ਦੇ ਸਿਸਟਮ ਇਨਸਟਾਲ ਕਰਦੇ ਹਨ
- **ਸਟੀਮਫਿਟਰ** ਪਾਈਪਾਂ ਦੇ ਸਿਸਟਮਾਂ ਦੀ ਰੂਪ ਰੇਖਾ ਤਿਆਰ ਕਰਦੇ ਹਨ, ਜੋੜਦੇ ਹਨ, ਬਣਾਉਂਦੇ ਹਨ, ਸੰਭਾਲ ਅਤੇ ਰਿਪੇਅਰ ਕਰਦੇ ਹਨ
- **ਸਪਰਿੰਕਲਰ ਫਿਟਰ** ਸਾਰੀਆਂ ਕਿਸਮਾਂ ਦੇ ਅੱਗ ਤੋਂ ਸੁਰੱਖਿਆ ਦੇ ਸਿਸਟਮ ਇਨਸਟਾਲ ਕਰਦੇ ਹਨ ਅਤੇ ਸਾਰੀਆਂ ਕਿਸਮਾਂ ਦੀਆਂ ਬਿਲਡਿੰਗਾਂ ਵਿਚ ਅਤੇ ਸਾਰੀਆਂ ਕਿਸਮ ਦੀ ਕਨਸਟਰੱਕਸ਼ਨ ਵਿਚ ਹੈਂਗਰ ਅਤੇ ਓਵਰਹੈੱਡ ਪਾਈਪਿੰਗ ਇਨਸਟਾਲ ਕਰਦੇ ਹਨ। ਫਾਇਰ ਸਪਰਿੰਕਲਰ ਹਾਈ-ਰਾਈਜ਼ ਬਿਲਡਿੰਗਾਂ, ਵੇਅਰਹਾਊਸਾਂ, ਸ਼ਾਪਿੰਗ ਸੈਂਟਰਾਂ, ਸਕੂਲਾਂ ਅਤੇ ਹੋਟਲਾਂ ਵਿਚ ਇਨਸਟਾਲ ਕੀਤੇ ਜਾਂਦੇ ਹਨ।

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**
ਗਰੇਡ 12 ਨੂੰ ਤਰਜੀਹ, ਇੰਗਲਿਸ਼ 12, ਮੈਥ ਜਾਂ ਐਲਜਬਰਾ 11 ਅਤੇ ਫਿਜ਼ਿਕਸ 11, ਸਾਇੰਸ 11

**ਅਪਰੈਂਟਿਸਸ਼ਿਪ ਪ੍ਰੋਗਰਾਮ:**
ਇਸ ਵਿਚ ਟੈਕਨੀਕਲ ਅਤੇ ਜੌਬ `ਤੇ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

ਪਲੰਬਰ, ਸਟੀਮਫਿਟਰ ਅਤੇ ਸਪਰਿੰਕਲਰ ਫਿਟਰ ਐਨਾਸਿਸ ਆਈਲੈਂਡ, ਡੈਲਟਾ ਵਿਚ ਸਥਿਤ ਯੂ ਏ ਲੋਕਲ 170, ਯੂ ਏ ਪਾਈਪਿੰਗ ਇੰਡਸਟਰੀ ਕੌਲਜ ਔਫ ਬੀ ਸੀ ਵਿਖੇ ਜਾਂ ਵਿਕਟੋਰੀਆ ਵਿਚ ਯੂ ਏ ਲੋਕਲ 324, ਕਾਮੋਸਨ ਕਾਲਜ ਵਿਚ ਟਰੇਨਿੰਗ ਲੈ ਸਕਦੇ ਹਨ। ਯੂਨਾਈਟਿਡ ਐਸੋਸੀਏਸ਼ਨ, ਪਲੰਬਿੰਗ, ਸਟੀਮ ਅਤੇ ਸਪਰਿੰਕਲਰ ਅਪਰੈਂਟਿਸਿਜ਼ ਦੀ ਸਭ ਤੋਂ ਵੱਡੀ ਹਿਮਾਇਤੀ ਹੈ।

### ਮੁੱਖ ਹੁਨਰ ਅਤੇ ਗੁਣ
(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਲਿਖਣ ਦੇ ਵਧੀਆ ਹੁਨਰ
- ਸਰੀਰਕ ਤੰਦਰੁਸਤੀ ਅਤੇ ਭਾਰੇ ਪਾਈਪ ਚੁੱਕਣ ਦੀ ਸਮਰੱਥਾ
- ਹੱਥਾਂ ਦੀ ਫੁਰਤੀ ਅਤੇ ਚੰਗਾ ਸੰਤੁਲਨ
- ਬਲੂਪ੍ਰਿੰਟਸ ਅਤੇ ਕੋਡਜ਼ ਨੂੰ ਸਮਝਣ ਦੀ ਸਮਰੱਥਾ
- ਵੱਖ ਵੱਖ ਮੌਸਮਾਂ ਵਿਚ ਬਾਹਰ ਕੰਮ ਕਰਨ ਦੀ ਸਮਰੱਥਾ
- ਸਾਥੀ ਵਰਕਰਾਂ ਨਾਲ ਚੰਗੀ ਤਰ੍ਹਾਂ ਰਲ ਕੇ ਕੰਮ ਕਰਨ ਦੀ ਸਮਰੱਥਾ

**ਕੀ ਤੁਹਾਨੂੰ ਪਤਾ ਸੀ?**

ਇਨ੍ਹਾਂ ਪ੍ਰੋਫੈਸ਼ਨਲਜ਼ ਨੂੰ ਹੁਨਰਾਂ ਦੇ ਸਮੇਲ ਦੀ ਲੋੜ ਹੈ! ਬਹੁਤ ਸਾਰੀਆਂ ਜੌਬਾਂ ਲਈ ਵੈਲਡਿੰਗ ਦੇ ਤਕੜੇ ਹੁਨਰਾਂ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਵੱਖ ਵੱਖ ਕਿਸਮਾਂ ਦੀ ਸਾਮੱਗਰੀ ਨਾਲ ਕਿਵੇਂ ਕੰਮ ਕਰਨਾ ਹੈ ਜਿਵੇਂ ਕਿ ਸਟੀਲ, ਤਾਂਬਾ, ਪਲਾਸਟਿਕ ਅਤੇ ਅਨੇਕਾਂ ਧਾਤਾਂ ਦੇ ਮਿਸ਼ਰਣ।

College of the BC Building Trades

UNITED ASSOCIATION LOCAL 324 VICTORIA

UA 170

info@collegeofthebcbt.ca | www.collegeofthebcbt.ca